File No.SED-EDU401/4/2022-5EDU4-Part(1)

I/475705/2022

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-4 ਸ਼ਾਖਾ)

ਹੁਕਮ

ਮਨਦੀਪ ਕੌਰ, ਪ੍ਰਿੰਸੀਪਲ ਡਾਇਟ ਰਾਮਪੁਰ ਲੱਲੀਆਂ ਜਿਲ੍ਹਾ ਜਲੰਧਰ ਦੀ ਸਰਕਾਰ ਦੇ ਹੁਕਮ ਨੰ: SED-EDU401/4/2022-5EDU4-Part(1)/I/418948/2022 ਮਿਤੀ 02.09.2022 ਰਾਹੀਂ ਸਸਸਸ ਪੂਨੀਆਂ, ਜਲੰਧਰ ਵਿਖੇ ਬਦਲੀ ਕੀਤੀ ਗਈ ਸੀ। ਜਿਸਨੂੰ ਉਸ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 20912 ਆਫ 2022 ਰਾਹੀਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਚੁਣੌਤੀ ਦਿੱਤੀ ਗਈ ਸੀ ਅਤੇ ਸਟੇਅ ਹਾਸਲ ਕਰ ਲਈ ਸੀ। ਹੁਣ ਉਸ ਵੱਲੋਂ ਮੈਡੀਕਲ ਹਾਲਤ ਅਤੇ ਅੰਗਹੀਣ ਹੋਣ ਕਾਰਨ ਤਰਸ ਦੇ ਅਧਾਰ ਤੇ ਆਪਣੀ ਬਦਲੀ ਸਸਸਸ ਖੰਬੜਾਂ ਜਿਲ੍ਹਾ ਜਲੰਧਰ ਵਿਖੇ ਕਰਨ ਲਈ ਮਿਤੀ 16/11/2022 ਨੂੰ ਪ੍ਰਤੀਬੇਨਤੀ ਦਿੱਤੀ ਸੀ। ਜਿਸਨੂੰ ਵਿਚਾਰਨ ਉਪਰੰਤ ਮਨਦੀਪ ਕੌਰ, ਪ੍ਰਿੰਸੀਪਲ ਡਾਇਟ ਰਾਮਪੁਰ ਲੱਲੀਆਂ ਜਿਲ੍ਹਾ ਜਲੰਧਰ ਦੀ ਬਦਲੀ ਬਤੌਰ ਪ੍ਰਿੰਸੀਪਲ ਸਸਸਸ ਖੰਬੜਾਂ ਜਿਲ੍ਹਾ ਜਲੰਧਰ ਵਿਖੇ ਖਾਲੀ ਆਸਾਮੀ ਵਿਰੁੱਧ ਇਸ ਸ਼ਰਤ ਤੇ ਕੀਤੀ ਜਾਂਦੀ ਹੈ ਕਿ ਉਹ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਕੀਤੇ ਦਾਇਰ ਸਿਵਲ ਰਿੱਟ ਪਟੀਸ਼ਨ ਨੰ: 20912 ਆਫ 2022 ਨੂੰ ਵਾਪਸ ਲੈ ਲਵੇਗੀ।

2. ਇਹ ਹੁਕਮ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

3. ਇਹ ਹੁਕਮ ਤੁਰੰਤ ਲਾਗੂ ਹੋਣਗੇ।

ਜਸਪ੍ਰੀਤ ਤਲਵਾੜ, ਆਈਃ ਏਃ ਐਸਃ,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਮਿਤੀ, ਚੰਡੀਗੜ੍ਹਃ
15.12.2022

ਪਿਃ ਅੰ: ਨੰ: ਉਕਤ/ I/475705/2022 ਮਿਤੀ, ਚੰਡੀਗੜ੍ਹ: 16.10.2022

ਉਪਰੋਕਤ ਦਾ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈਃ-

1. ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਸ-8 ਮੋਹਾਲੀ।
2. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਜਲੰਧਰ।
3. ਡੀ.ਐਮ. ਐਮ.ਆਈ.ਐਸ. ਵਿੰਗ ਦਫ: ਡੀ.ਜੀ.ਐਸ.ਈ., ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਹਨਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕੀਤਾ ਜਾਵੇ।
4. ਸਬੰਧਤ ਅਧਿਕਾਰੀ (ਵੈੱਬਸਾਈਟ ਰਾਹੀਂ)।

(ਸੁਰਜੀਤ ਸਿੰਘ)

ਸੁਪਰਡੰਟ